**Exam. Code : 106001**
**Subject Code : 1612**

**BOD Ist Semester**

**PUNJABI COMPULSORY**

**Paper–VIII Opt. (i)**

Time Allowed—3 Hours] [Maximum Marks—50

**ਨੋਟ :** ਸਾਰੇ ਪ੍ਰਸ਼ਨ ਲਾਜ਼ਮੀ ਹਨ।

1. 'ਭਰੂਣ ਹੱਤਿਆ ਦੇ ਦੇਸ਼ ਵਿੱਚ' ਲੇਖ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

**ਜਾਂ**

'ਏਡਜ਼ : ਇੱਕ ਗੰਭੀਰ ਸੰਕਟ' ਲੇਖ ਦਾ ਵਿਸ਼ਾ-ਵਸਤੂ ਸਪਸ਼ਟ ਕਰੋ। 10

2. ਸ਼ਿਵ ਕੁਮਾਰ ਬਟਾਲਵੀ ਦੀ ਕਵਿਤਾ 'ਲੂਣਾ' ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

**ਜਾਂ**

ਸੁਰਜੀਤ ਪਾਤਰ ਦੀ ਕਵਿਤਾ 'ਹੁਣ ਘਰਾਂ ਨੂੰ ਪਰਤਣਾ' ਦਾ ਵਿਸ਼ਾ-ਵਸਤੂ ਸਪਸ਼ਟ ਕਰੋ। 10

3. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਉੱਤੇ ਪੈਰ੍ਹਾ ਰਚਨਾ ਕਰੋ :
   (ੳ) ਵੱਧ ਰਿਹਾ ਪ੍ਰਵਾਸ ਦਾ ਰੁਝਾਨ
   (ਅ) ਮਨੁੱਖ ਅਤੇ ਕਲਾ
   (ੲ) ਪੰਜਾਬੀ ਸੱਭਿਆਚਾਰ। 5



http://www.gnduonline.com

http://www.gnduonline.com

4. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :

**ਜਗ-ਮਗ** ਜਗਦਿਆਂ ਦੀਵਿਆਂ ਦੀਆਂ ਜੋਤਾਂ ਦੀ ਟਿਮ-ਟਿਮਾਂਦੀ ਇਹ ਦੀਵਾਲੀ ਦੀ ਰਾਤ ਕੀ ਆਉਂਦੀ ਹੈ, ਲੋਕਾਂ ਦੇ ਦਿਲਾਂ ਦੀਆਂ ਹਨੇਰੀਆਂ ਗੁਠਾਂ ਰੁਸ਼ਨਾ ਜਾਂਦੀ ਹੈ, ਪਰ ਨਾਲ ਹੀ ਕਈ ਸਾਕੇ ਵੀ ਵਰਤਾ ਛੱਡਦੀ ਹੈ। ਦੀਵਾਲੀ ਆਉਣ ਤੋਂ ਪਹਿਲਾਂ ਮੇਰੇ ਪਿੰਡ ਦਾ ਹਰ ਘਰ **ਲਿਪਿਆ-ਪੋਚਿਆ** ਜਾਂਦਾ ਹੈ। ਕਾਲੀ ਮਿੱਟੀ ਦਾ ਪਰੋਲਾ, ਪਾਂਡੂ ਵਾਲੀ ਮਿੱਟੀ ਦਾ ਪੋਚਾ, ਗੋਕੇ ਦੇ ਗੋਹੇ ਦੀ **ਤਲੀ ਫੇਰ** ਕੇ ਕੰਧਾਂ ਕੌਲੇ ਅਤੇ ਚੌਕੇ ਚੁੱਲੇ ਦੀ ਸਾਰੀ ਟੁੱਟ-ਫੁੱਟ ਦੂਰ ਕਰ ਲਈ ਜਾਂਦੀ ਹੈ। ਇਹ ਜ਼ਨਾਨੀਆਂ ਦੇ ਬੜੇ ਰੁਝੇਵੇਂ ਦੇ ਦਿਨ ਹੁੰਦੇ ਹਨ। "ਲੈ ਭੈਣ ਐਤਕੀ ਤਾਂ ਤੁਹਾਡੀ ਸਲਾਹ ਐ ਕਿਸੇ ਦੇ ਘਰ ਲੱਛਮੀ ਦੇ ਚਰਨ ਪੈਣ ਈ ਨਹੀਂ ਦੇਣੇ।" ਇੱਕ ਗੁਆਂਢਣ ਆ ਕੇ ਘਰ ਦੇ ਲਿੱਪਣ-ਪੋਚਣ ਦੇ ਕੰਮ ਨੂੰ ਸਲਾਹੁੰਦੀ ਵੀ ਹੈ ਤੇ ਆਪਣੇ ਸ਼ਰੀਕੇ ਵਾਲੀ **ਗੁੱਝੀ** ਈਰਖਾ ਦੀ ਰਮਜ਼ ਵੀ ਮਾਰ ਛੱਡਦੀ ਹੈ। 'ਸਾਡੇ ਕੀਹਨੇ, ਲੱਛਮੀ ਦੇ ਪੈਰ ਪੈਣ ਦੇਣੇ ਨੇ, ਜਦੋਂ ਤੇਰੇ ਵਰਗੀਆਂ ਦਾਨੀਆਂ ਬੂਹੇ ਬੜਦੀ ਨੂੰ ਘਰੂੰਟੀ ਲੈਣ ਵਾਲੀਆਂ ਖੜ੍ਹੀਆਂ ਹੋਈਆਂ ਨੇ। ਭਾਈ ਬਹਾਨੇ ਸਿਰ ਘਰ ਦੇ ਕੰਧਾਂ ਕੌਲੇ ਲਿਪੇ ਜਾਂਦੇ ਨੇ, ਨਹੀਂ ਤਾਂ ਘੌਲ ਵਿੱਚ ਸਾਲ ਈ ਲੰਘ ਜਾਂਦੇ ਨੇ।' ਸ਼ਰੀਕਣੀ ਨੂੰ ਪਹਿਲਾਂ ਇੱਕ ਕਹਾਣੀ ਸੁਣਾ ਕੇ ਫਿਰ ਧੀਮੀ ਆਵਾਜ਼ ਨਾਲ ਅਗਲੀ ਗੱਲ ਸ਼ੁਰੂ ਕਰ ਦਿੱਤੀ ਜਾਂਦੀ ਹੈ।

1. ਦੀਵਾਲੀ ਆਉਣ ਤੋਂ ਪਹਿਲਾਂ ਦੇ ਦਿਨ ਇਸਤਰੀਆਂ ਲਈ ਰੁਝੇਵੇਂ ਭਰੇ ਕਿਵੇਂ ਹੁੰਦੇ ਹਨ ?
2. ਘਰਾਂ ਨੂੰ ਲਿਪਣ-ਪੋਚਣ ਪਿੱਛੇ ਅਸਲ ਮਨੋਰਥ ਕੀ ਜਾਪਦਾ ਹੈ ?
3. ਇਸ ਪੈਰੇ ਦਾ ਸਿਰਲੇਖ ਦਿਓ।

http://www.gnduonline.com

4. ਇਸ ਪੈਰੇ ਵਿੱਚ ਆਏ ਸ਼ਬਦਾਂ ਤਲੀ ਫੇਰਨਾ, ਜਗਮਗਾਉਣਾ, ਲਿਪਣਾ-ਪੋਚਣਾ ਅਤੇ ਗੁੱਝਾ ਦੇ ਅਰਥ ਦੱਸੋ।

5. ਪੈਰੇ ਵਿੱਚ ਆਏ ਕੁਝ ਨਾਂਵ, ਵਿਸ਼ੇਸ਼ਣ ਅਤੇ ਕਿਰਿਆਵਾਂ ਦੀ ਸੂਚੀ ਤਿਆਰ ਕਰੋ। 5

5. ਪੰਜਾਬੀ ਭਾਸ਼ਾ ਦੇ ਟਕਸਾਲੀ ਰੂਪ ਦੀਆਂ ਮੁੱਖ ਵਿਸ਼ੇਸ਼ਤਾਈਆਂ ਬਾਰੇ ਜਾਣਕਾਰੀ ਦਿਉ।

ਜਾਂ

ਪੰਜਾਬੀ ਦੀਆਂ ਵਿਅੰਜਨ ਧੁਨੀਆਂ 'ਤੇ ਨੋਟ ਲਿਖੋ। 10

6. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਦੇ ਉੱਤਰ ਲਿਖੋ :

(ੳ) ਪੰਜਾਬੀ ਮਾਤ ਭਾਸ਼ਾ ਦਿਵਸ ਕਦੋਂ ਮਨਾਇਆ ਜਾਂਦਾ ਹੈ ? ਇਸਦੀ ਮਹੱਤਤਾ ਬਾਰੇ ਜਾਣਕਾਰੀ ਦਿਓ।

(ਅ) ਮਾਤ ਭਾਸ਼ਾ ਨੂੰ ਪਹਿਲੀ ਭਾਸ਼ਾ ਦੇ ਤੌਰ 'ਤੇ ਪੜ੍ਹਾਏ ਜਾਣ ਦਾ ਕੀ ਮਹੱਤਵ ਹੈ ?

(ੲ) ਮਾਤ ਭਾਸ਼ਾ ਦੇ ਦੂਜੀ ਭਾਸ਼ਾ ਵਜੋਂ ਅਧਿਆਪਨ ਸੰਬੰਧੀ ਸਮੱਸਿਆਵਾਂ ਬਾਰੇ ਜਾਣਕਾਰੀ ਦਿਉ।

(ਸ) ਮਾਤ ਭਾਸ਼ਾ ਦੀ ਪਰਿਭਾਸ਼ਾ ਲਿਖੋ। 5×2=10

http://www.gnduonline.com